# ਕੈਨੇਡਾ ਦਰਪਣ

ਨਵੰਬਰ 1, 1985

**November 1, 1985**

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

ਸਪਤਾਹਿਕ
# ਕੈਨੇਡਾ ਦਰਪਣ
Second Class Mail
Reg. No. 5991
(ਆਨ.) ਚੀਫ ਐਡੀਟਰ: ਦਰਸ਼ਨ ਗਿੱਲ
Weekending November 1, 1985, Vol. 4 No. 42 | P.O.BOX 67344 STN. 0 Vancouver, B.C. V5W 3T1 | PRICE 35¢ Out of Greater Vancouver 50¢ | Phone (604) 581-4473

I.C.B.C. claim, Criminal law, Divorces, Estates, Wills, Companies, Land transfers, Mortgages, Immigration Appeal Board.
D. Persad B.A.,LL.B.
Ph. Off. 521-8808 Res. 228-8770
Nyack & Persad
Barristers & Solictors
Notaries
Box 390
4—514 Sixth Ave.
New Westminster, B.C.
CANADA, V3L 4Y7

## ਕਾਮਨ ਵੈਲਥ ਕਾਨਫਰੰਸ ਖਤਮ

# ਨਸਲਵਾਦੀ ਸਰਕਾਰ ਵਿਰੁੱਧ ਮਤਾ

ਨਾਸਾ — ਕਾਮਨਵੈਲਥ ਦੇਸ਼ਾਂ ਦੀ ਕਾਨਫਰੰਸ ਇਥੇ ਖਤਮ ਹੋ ਗਈ ਹੈ ਅਤੇ ਕਾਮਨਵੈਲਥ ਦੇ ਸਾਰੇ ਦੇਸ਼ਾਂ ਨੇ ਸਰਬਸੰਮਤੀ ਨਾਲ ਦੱਖਣੀ ਅਫਰੀਕਾ ਦੀ ਨਸਲਵਾਦੀ ਸਰਕਾਰ ਵਿਰੁੱਧ ਮਤਾ ਪਾਸ ਕੀਤਾ ਹੈ ਕਿ ਕਾਮਨਵੈਲਥ ਦੇ ਸਾਰੇ ਦੇਸ਼ ਦੱਖਣੀ ਅਫਰੀਕਾ ਨਾਲ ਵਪਾਰਕ ਸਬੰਧ ਤੋੜਨ ਲਈ ਯਤਨਸ਼ੀਲ ਹੋਣਗੇ।

## ਬਰਤਾਨੀਆਂ ਦਾ ਨਾਂਹ-ਪੱਖੀ ਵਤੀਰਾ

ਬਰਤਾਨੀਆਂ ਦੀ ਪ੍ਰਧਾਨ ਮੰਤਰੀ ਮਾਰਗਰੇਟ ਥੈਚਰ ਦੇ ਰੋਲ ਦੀ ਇਥੇ ਕਾਫੀ ਚਾਰਚਾ ਰਹੀ। ਬਰਤਾਨੀਆਂ ਦਾ ਸਭ ਤੋਂ ਵੱਧ ਵਪਾਰ ਇਸ ਨਸਲਵਾਦੀ ਸਰਕਾਰ ਨਾਲ ਹੈ। ਪਰ ਰਾਜੀਵ ਗਾਂਧੀ ਅਤੇ ਕੈਨੇਡਾ ਦੇ ਪ੍ਰਧਾਨ ਮੰਤਰੀ ਮਰੂਨੀ ਦੇ ਜ਼ੋਰ ਪਾਉਣ ਉਤੇ ਬਰਤਾਨੀਆਂ ਦੀ ਪ੍ਰਧਾਨ ਮੰਤਰੀ ਸਾਂਝੇ ਬਿਆਨ ਨਾਲ ਸਹਿਮਤ ਹੋ ਗਈ।

## ਰਾਜੀਵ ਗਾਂਧੀ ਨੀਊਯੌਰਕ ਵਿਚ

ਭਾਰਤ ਦੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨਾਸਾ ਤੋਂ ਨੀਊਯੌਰਕ ਪਹੁੰਚੇ ਜਿਥੇ ਉਹ ਸੰਸਾਰ ਦੇ ਹੋਰ ਲੀਡਰਾਂ ਸਮੇਤ ਸੰਯੁਕਤ ਅਸੈਂਬਲੀ ਦੇ ਚਾਲੀਵੇਂ ਸਾਲ ਉਤੇ ਆਪਣਾ ਬਿਆਨ ਦੇਣਗੇ। ਇਸ ਪਿਛੋਂ ਰਾਜੀਵ ਗਾਂਧੀ ਅਮਰੀਕਾ ਦੇ ਪ੍ਰਧਾਨ ਰੇਗਨ ਨਾਲ ਮਿਲਣਗੇ।

## ਰਾਜੀਵ ਗਾਂਧੀ 6 ਨਵੰਬਰ ਨੂੰ ਪੰਜਾਬ ਜਾਵੇਗਾ

ਚੰਡੀਗੜ੍ਹ — ਖਬਰਾਂ ਅਨੁਸਾਰ ਪ੍ਰਧਾਨ ਮੰਤਰੀ ਰਾਜੀਵ ਗਾਂਧੀ 6 ਨਵੰਬਰ ਨੂੰ ਥੀਨ ਡੈਮ ਦਾ ਨੀਂਹ ਪੱਥਰ ਰੱਖਣ ਲਈ ਪੰਜਾਬ ਜਾ ਰਹੇ ਹਨ। ਇਹ ਪ੍ਰਾਜੈਕਟ ਪਿਛਲੇ ਦਸ ਸਾਲ ਤੋਂ ਲਟਕਦਾ ਚਲਾ ਆ ਰਿਹਾ ਹੈ। 6 ਨਵੰਬਰ ਨੂੰ ਰਾਜੀਵ ਗਾਂਧੀ ਪਹਿਲਾਂ ਪਟਿਆਲੇ ਇਕ ਸਮਾਰੋਹ ਵਿਚ ਭਾਗ ਲੈਣ ਤੋਂ ਉਪਰੰਤ ਗੁਰਦਾਸਪੁਰ ਲਈ ਰਵਾਨਾ ਹੋਣਗੇ।

## ਅਸੈਂਬਲੀ ਸਮਾਗਮ ਦੇ ਖਾਤਮੇ ਤੱਕ ਬਦਲੀਆਂ ਤੇ ਰੋਕ

ਪੰਜਾਬ ਦੇ ਮੁਖ ਮੰਤਰੀ ਸ: ਬਰਨਾਲਾ ਨੇ ਵਿਭਾਗੀ ਤਬਦੀਲੀਆਂ 30 ਅਕਤੂਬਰ ਤੱਕ ਰੋਕ ਦਿਤੀਆਂ ਹਨ। ਇਹ ਵੀ ਦੱਸਿਆ ਗਿਆ ਹੈ ਕਿ 13 ਮੰਤਰੀ ਨਵੰਬਰ ਦੇ ਪਹਿਲੇ ਜਾਂ ਦੂਜੇ ਹਫਤੇ ਅਕਾਲੀ ਮਨਿਸਟਰੀ ਵਿਚ ਹੋਰ ਸ਼ਾਮਲ ਕੀਤੇ ਜਾਣਗੇ ਜਿਨ੍ਹਾਂ ਵਿਚ ਇਸਤਰੀਆਂ ਨੂੰ ਵੀ ਪ੍ਰਤੀਨਿਧਤਾ ਮਿਲੇਗੀ

## ਨਸਲਵਾਦ ਵਿਰੋਧੀ ਸੰਮਤੀ ਦੇ ਪ੍ਰਧਾਨ ਉਤੇ ਹਮਲਾ



ਨੀਊਵੈਸਟ — 'ਸਨ' ਅਖਬਾਰ ਦੀ ਖਬਰ ਅਨੁਸਾਰ ਐਤਵਾਰ 20 ਅਕਤੂਬਰ ਨੂੰ ਨਸਲਵਾਦ ਵਿਰੋਧੀ ਸੰਘਰਸ਼ ਸੰਮਤੀ ਦੇ ਪ੍ਰਧਾਨ ਸ੍ਰੀ ਚਰਨਪਾਲ ਗਿੱਲ ਉਤੇ ਗੁਰਦੁਆਰਾ ਸੁੱਖ ਸਾਗਰ ਦੇ ਅੰਦਰ ਹਮਲਾ ਕੀਤਾ ਗਿਆ। ਹਮਲਾ ਕਰਨ ਵਾਲੇ, ਸ੍ਰੀ ਗਿੱਲ ਅਨੁਸਾਰ ਸਿੱਖ ਯੂਥ ਫੈਡਰੇਸ਼ਨ ਦੇ ਮੈਂਬਰ ਸਨ।

"ਸਨ' ਅਖਬਾਰ ਨੇ 21 ਅਕਤੂਬਰ ਦੇ ਮੁੱਖ ਪੰਨੇ ਉਤੇ ਇਹ ਖਬਰ ਛਾਪਦਿਆਂ ਲਿਖਿਆ ਹੈ ਕਿ ਇਹ ਘਟਨਾ ਉਨ੍ਹਾਂ ਘਟਨਾਵਾਂ ਦੀ ਲੜੀ ਦਾ ਹੀ ਹਿਸਾ ਹੈ ਜੋ ਮੂਲਵਾਦੀਆਂ ਤੇ 'ਖਾਲਿਸਤਾਨ' ਦੇ ਪੈਰੋਕਾਰਾਂ ਵੱਲੋਂ ਗੁਰਦੁਆਰਿਆਂ ਵਿਚ ਕੀਤੀਆਂ ਜਾ ਰਹੀਆਂ ਹਨ।

ਸ੍ਰੀ ਗਿੱਲ ਨੇ ਕਿਹਾ ਕਿ ਦਸ ਦੇ ਕਰੀਬ ਬੰਦਿਆਂ ਨੇ ਉਨ੍ਹਾਂ ਦੁਆਲੇ ਘੇਰਾ ਪਾ ਲਿਆ ਅਤੇ ਕਹਿਣ ਲੱਗੇ ਕਿ ਉਸ ਨੇ ਇਕ ਚਿੱਠੀ ਰਾਹੀਂ ਹਿੰਸਾ ਨੂੰ ਨਿੰਦਿਆ ਕਿਉਂ ਹੈ? ਇਹ ਚਿਠੀ ਸ੍ਰੀ ਗਿੱਲ ਨੇ ਸਰੀ-ਗੁਰੂ ਘਰ ਦੇ ਪ੍ਰਧਾਂਨ ਉਤੇ ਕੀਤੇ ਗਏ ਹਮਲੇ ਦੇ ਸਬੰਧ ਵਿਚ ਲਿਖੀ ਗਈ ਦੱਸੀ ਗਈ ਹੈ।

ਸ੍ਰੀ ਗਿੱਲ ਨੇ ਕਿਹਾ ਕਿ ਇਹ ਸਾਰੀ ਕਮਿਊਨਿਟੀ ਲਈ ਸ਼ਰਮ ਵਾਲੀ ਗੱਲ ਹੈ ਕਿ ਖਾਸਕਰ ਜਦੋਂ ਪੂਜਾ ਦੇ ਸਥਾਨਾਂ ਉਤੇ ਅਜਿਹੇ ਹਮਲੇ ਹੋਣ ਲੱਗ ਪੈਣ ਤਾਂ ਇਹ ਹੋਰ ਵੀ ਬੁਰੀ ਗੱਲ ਹੈ।

ਅਖਬਾਰ ਨੇ ਲਿਖਿਆ ਹੈ ਕਿ ਹਰਜੀਤ ਸਿੰਘ ਅਟਵਾਲ ਨਾਂ ਦੇ ਵਿਅਕਤੀ ਨੇ ਕਿਹਾ ਕਿ ਉਹ 10,15 ਵਿਅਕਤੀ ਗੁਰੂ ਘਰ ਸੁਖ ਸਾਗਰ ਗਏ ਸਨ ਪਰ ਉਸਨੇ ਚਰਨਪਾਲ ਗਿੱਲ ਉਤੇ ਹਮਲੇ ਤੋਂ ਨਾਂਹ ਕੀਤੀ।

ਯਾਦ ਰਹੇ ਕਿ ਇਹ ਉਪਰੋਕਤ ਘਟਨਾ ਉਸ ਸਮੇਂ ਵਾਪਰੀ ਜਦ ਮਲਕੀਤ ਸਿੰਘ ਮੁੱਤੀ ਅਤੇ ਹੋਰ ਪ੍ਰਵਾਰਾਂ ਵੱਲੋਂ, ਸ੍ਰੀ ਅਖੰਡ ਪਾਠ ਸਾਹਿਬ ਦਾ ਭੋਗ ਪਾਇਆ ਗਿਆ ਅਤੇ ਸੰਗਤਾਂ ਥੱਲੇ ਲੰਗਰ ਛਕ ਰਹੀਆਂ ਸਨ। ਸ੍ਰੀ ਅਖੰਡ ਪਾਠ ਦੇ ਭੋਗ ਉਤੇ ਆਏ ਵਿਅਕਤੀ ਸ੍ਰੀ ਮੁੱਤੀ ਦੇ ਸੱਦੇ ਉਤੇ ਪਹੁੰਚੇ ਹੋਏ ਸਨ।

ਦਰਸ਼ਕਾਂ ਅਨੁਸਾਰ ਜਿਸ ਵੇਲੇ ਸ੍ਰੀ ਚਰਨਪਾਲ ਗਿੱਲ ਉਤੇ ਹਮਲਾ ਕੀਤਾ ਗਿਆ ਉਸ ਸਮੇਂ ਕਾਫੀ ਗਿਣਤੀ ਵਿਚ ਸੰਗਤਾਂ ਉਥੇ ਹਾਜ਼ਰ ਸਨ।

ਦਰਸ਼ਕਾਂ ਨੇ ਇਹ ਵੀ ਦੱਸਿਆ ਕਿਉਂਕਿ ਉਥੇ ਬਹੁਤੀ ਗਿਣਤੀ ਉਸ ਦਿਨ ਖਾਲਿਸਤਾਨ ਵਿਰੋਧੀਆਂ ਦੀ ਸੀ ਅਤੇ ਉਥੇ ਪਹੁੰਚੇ ਲੋਕਾਂ ਨੇ ਵੋਟਾਂ ਵੀ ਬਨਾਉਣੀਆਂ ਸਨ — ਇਹ ਹੱਲਾ ਗੁੱਲਾ ਇਸ ਲਈ ਹੋਇਆ ਤਾਂ ਕਿ ਲੋਕ ਵੋਟਾਂ ਨਾਂ ਬਣਾ ਸਕਣ।

ਆਮ ਕਮਿਊਨਿਟੀ ਵਿਚ ਸ੍ਰੀ ਚਰਨਪਾਲ ਗਿੱਲ ਉਤੇ ਹੋਏ ਹਮਲੇ ਕਾਰਨ ਗੁੱਸਾ ਪਾਇਆ ਦੱਸਿਆ ਜਾਂਦਾ ਹੈ।

## ਮੌਤਾਂ ਦੀ ਜਾਂਚ ਲਈ ਕਮਿਸ਼ਨ ਉਤੇ ਜ਼ੋਰ

ਮੋਗਾ — ਜਨਤਾ ਨੇਤਾ ਰੂਪ ਲਾਲ ਸਾਥੀ ਨੇ ਮੁਖ ਮੰਤਰੀ ਪੰਜਾਬ ਤੋਂ ਮੰਗ ਕੀਤੀ ਹੈ ਕਿ ਅਪਰੇਸ਼ਨ ਬਲਿਊ ਸਟਾਰ ਤੋਂ ਕੁਝ ਸਮਾਂ ਪਹਿਲਾਂ 26 ਅਪਰੈਲ 1984 ਨੂੰ ਇਕ ਸਥਾਨਕ ਗੁਰਦੁਆਰੇ ਦੇ ਬਾਹਰ 8 ਸਿੱਖ ਯੁਵਕਾਂ ਅਤੇ ਉਸ ਤੋਂ ਪਹਿਲਾਂ ਪੁਲੀਸ ਦੇ ਏ. ਐਸ. ਆਈ. ਜਗਦੀਸ਼ ਪ੍ਰਸ਼ਾਂਦ ਦੀ ਮੌਤ ਦੀ ਪੜਤਾਲ ਲਈ ਵਿਸ਼ੇਸ਼ ਕਮਿਸ਼ਨ ਕਾਇਮ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਅਜਿਹਾ ਕਮਿਸ਼ਨ ਹੀ ਉਨ੍ਹਾਂ ਘਟਨਾਵਾਂ ਬਾਰੇ ਸਹੀ ਸਥਿਤੀ ਦਾ ਪਤਾ ਲਾ ਸਕਦਾ ਹੈ ਅਤੇ ਅਸਲ ਦੋਸ਼ੀਆਂ ਨੂੰ ਸਜ਼ਾ ਦਿਵਾ ਸਕਦਾ ਹੈ।

MANY UNRESERVED UNITS
PUBLIC AUTO AUCTION
OVER 100 UNITS ON SALE
• Trucks • Vans • 4x4's • Motor Homes
You Name It — We've Got It-
ਚੰਗੀਆਂ ਕਾਰਾਂ ਸਸਤੇ ਭਾਅ ਤੇ ਖ੍ਰੀਦਣੀਆਂ ਹੋਣ ਤਾਂ ਸਾਡੇ ਕੋਲ ਆਉ
AUTO SALE EVERY SATURDAY 11 AM
HOME OF MECHANICALLY INSPECTED AUTOS
Consignments Being Taken Now
The Best Deals Are At
BURNABY PUBLIC AUTO AUCTION LTD.


Corner of Marine Way & Byrne Rd.
5605 BYRNE RD.
BURNABY • 430-1109
PHONE
430-1109
SO LET A PROFESSIONAL SELL YOUR UNIT
We've Saved Hundreds of Purchasers Time, Money and Stress!!





(ਬਲਵੰਤ ਸਿੰਘ, ਅਮਰਿੰਦਰ ਸਿੰਘ, ਸੁਖਜਿੰਦਰ ਸਿੰਘ) ਤੋਂ ਪਿੱਛੋਂ ਪ੍ਰਕਾਸ਼ ਸਿੰਘ ਬਾਦਲ ਤੇ ਮੁਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਸੋਮਵਾਰ ਨੂੰ ਚੰਡੀਗੜ੍ਹ ਵਿਚ ਪੰਜਾਬ ਵਿਧਾਨ ਸਭਾ ਵੱਲ ਆਉਂਦੇ ਹੋਏ। (ਫੋਟੋ : ਯੋਗ ਜੁਆਏ)

# ਪੰਜਾਬ ਵਿਧਾਨ ਸਭਾ ਸੈਸ਼ਨ

ਚੰਡੀਗੜ੍ਹ — 9ਵੀਂ ਪੰਜਾਬ ਵਿਧਾਨ ਸਭਾ ਦਾ ਸੈਸ਼ਨ ਲਗਭਗ ਦੋ ਹਫਤਿਆਂ ਤੋਂ ਵੱਧ ਸਮੇਂ ਲਈ ਚਲੇਗਾ, ਦੇ ਸੁਖਾਵੇਂ ਮਾਹੌਲ ਵਿਚ ਸ਼ੁਰੂ ਹੋ ਕੇ ਬਿਨਾਂ ਕਿਸੇ ਸ਼ੋਰ-ਸ਼ਰਾਬੇ ਦੇ ਖਤਮ ਹੋਣ ਦੀਆਂ ਸੰਭਾਵਨਾਵਾਂ ਹਨ। ਸਦਨ ਦੇ ਮੈਂਬਰਾਂ ਦੀ ਇਸ ਪਹਿਲੀ ਮਿਲਣੀ ਸਮੇਂ ਕੋਈ ਵਾਦ-ਵਿਵਾਦ ਵਾਲਾ ਮਸਲਾ ਨਹੀਂ ਉਠਿਆ। ਅਸਲ ਵਿਚ ਸੈਸ਼ਨ ਦੌਰਾਨ ਬਹੁਤੀਆਂ ਰਸਮੀ ਕਾਰਵਾਈਆਂ ਹੀ ਪੂਰੀਆਂ ਕੀਤੀਆਂ ਜਾਣੀਆਂ ਹਨ।

ਸੈਸ਼ਨ ਦੀ ਸ਼ੁਰੂਆਤ ਆਰਜ਼ੀ ਸਪੀਕਰ ਸ. ਰਵੀਇੰਦਰ ਸਿੰਘ ਵਲੋਂ ਨਵੇਂ ਚੁਣੇ ਵਿਧਾਇਕਾਂ ਨੂੰ ਸਹੁੰ ਚਕਾਉਣ ਦੀ ਰਸਮ ਸ਼ੁਰੂ ਹੋ ਕਰਨ ਨਾਲ ਹੋਈ। 117 ਮੈਂਬਰੀ ਸਦਨ ਦੇ 114 ਮੈਂਬਰਾਂ ਨੂੰ ਸਹੁੰ ਚਕਾਉਣ ਦਾ ਕੰਮ ਪਹਿਲੇ ਦਿਨ ਹੀ ਪੂਰਾ ਹੋ ਗਿਆ ਹੈ। ਚੇਤੇ ਰਹੇ ਦੋ ਹਲਕਿਆਂ ਵਿਚ ਆਜ਼ਾਦ ਉਮੀਦਵਾਰ ਦੀ ਮੌਤ ਹੋ ਜਾਣ ਕਾਰਨ ਚੋਣ ਨਹੀਂ ਹੋ ਕੀ।

ਸ. ਰਵੀਇੰਦਰ ਸਿੰਘ ਨੂੰ ਸਰਬਸੰਮਤੀ ਨਾਲ ਸਪੀਕਰ ਚ ਚੁਣ ਲਿਆ ਗਿਆ ਸੀ, ਉਹ ਪਿਛਲੀ ਬਾਦਲ ਵਜ਼ਾਰਤ ਵੇਲੇ ਸਪੀਕਰ ਰਹਿ ਚੁਕੇ ਹਨ। ਦੱਸਿਆ ਜਾਂਦਾ ਹੈ ਕਿ ਸਪੀਕਰ ਦ ਦੇ ਅਹੁਦੇ ਲਈ ਉਨ੍ਹਾਂ ਦਾ ਨਾਂ ਮੁੱਖ ਮੰਤਰੀ ਸ: ਸੁਰਜੀਤ ਸਿੰਘ ਬਰਨਾਲ ਪੇਸ਼ ਕੀਤਾ। ਡਿਪਟੀ ਸਪੀਕਰ ਦੀ ਚੋਣ ਦਾ ਮਸਲ ਮਾਮਲਾ ਏਜੰਡੇ ਵਿਚ ਸ਼ਾਂਮਲ ਨਹੀਂ ਜੋ ਬਾਅਦ ਵਿਚ ਕੀਤੀ ਜਾਵੇਗੀ। 15 ਅਕਤੂਬਰ ਨੂੰ ਪਿਛਲੀ ਵਿਧਾਨ ਸਭਾਂ ਦੇ ਸਪੀਕਰ ਅ

15 ਅਕਤੂਬਰ ਨੂੰ ਪਿਛਲੀ ਵਿਧਾਨ ਸਭਾ ਦੇ ਆਖਰੀ ਸੈਸ਼ਨ ਤੋਂ ਲੈ ਕੇ ਹੁਣ ਤਕ ਸੁਰਗਵਾਸ ਹੋਏ ਨਗ਼ਤਾਵਾਂ ਤੇ ਸਾਬਕਾ ਵਿਧਾਇਕਾਂ ਨੂੰ ਸ਼ਰਧਾਂਜਲੀ ਦੇਣ ਲਈ ਸਰਕਾਰ ਮੀਤਾ ਰੱਖਿਆ। ਮੈਂਬਰਾਂ ਸੰਤ ਹਰਚੰਦ ਸਿੰਘ ਲੌਂਗੋਵਾਲ ਸਮੇਤ ਦੂਜੀਆਂ ਹਸਤੀਆਂ ਨੂੰ ਸ਼ਰਧਾਂਜਲੀ ਭੇਂਟ ਕੀਤੀ।

# 97 ਪਾਲਿਕਾਵਾਂ ਭੰਗ ਕੀਤੇ ਜਾਣ ਦੀ ਸੰਭਾਵਨਾ

ਚੰਡੀਗੜ੍ਹ — ਪੰਜਾਬ ਸਰਕਾਰ 97 ਨਗਰਪਾਲਿਕਾਵਾਂ ਭੰਗ ਕਰਕੇ ਉਨ੍ਹਾਂ ਦਾ ਪ੍ਰਬੰਧ ਅਧਿਕਾਰੀਆਂ ਨੂੰ ਸੌਂਪਣ ਦਾ ਫੈਸਲਾ ਕਰਠਚੁਕੀ ਹੈ। ਜਿਸਦਾ ਐਲਾਨ ਇਸੇ ਹਫਤੇ ਹੋ ਜਾਣ ਦੀ ਸੰਭਾਵਨਾ ਹੈ। ਵਰਤਮਾਨ ਨਗਰਪਾਲਿਕਾਵਾਂ ਦੀ ਮਿਆਦ ਖਤਮ ਹੋ ਚੁਕੀ ਹੈ ਪਰ ਇਨ੍ਹਾਂ ਉਥਤੇ ਕਾਂਗਰਸ (ਆਈ) ਮੈਂਬਰਾਂ ਦੇ ਕਬਜ਼ੇ ਹੋਣ ਕਰਕੇ ਸਾਬਕ ਸਰਕਾਰ ਪਾਲਿਕਾਵਾਂ ਦੀ ਮਿਆਦ ਵਧਾਂਦੀ ਰਹੀ ਹੈ। ਰਾਸ਼ਟਰਪਤੀ ਰਾਜ ਵਿਚ ਤਿੰਨ ਵਾਰੀ ਛੇ-ਛੇ ਮਹੀਨੇ ਮਿਆਦ ਵਧਾਈ ਗਈ ਹੈ ਅਤੇ ਅੰਤਮ ਵਾਰ ਵਧਾਈ ਮਿਆਦ ਦਸੰਬਰ ਤੱਕ ਹੈ ਪਰ ਸਰਕਾਰ ਪਹਿਲਾਂ ਹੀ ਇਨ੍ਹਾਂ ਨੂੰ ਚਲਦਾ ਕਰ ਦੇਵੇਗੀ।

ਉਚ ਸਰਕਾਰੀ ਸੂਤਰਾਂ ਅਨੁਸਾਰ ਸਰਕਾਰ ਨਗਰ ਪਾਲਿਕਾਵਾਂ ਅਤੇ ਅੰਮ੍ਰਿਤਸਰ, ਜਲੰਧਰ ਅਤੇ ਲੁਧਿਆਣਾ ਦੇ ਤਿੰਨੇ ਨਗਰ ਨਿਗਮਾਂ ਦੀਆਂ ਚੋਣਾਂ ਸਾਲ 1986 ਦੇ ਅੰਜ਼ਤ ਵਿਚ ਕਰਾਏਗੀ। ਇਸ ਤੋਂ ਪਹਿਲਾਂ ਇਨ੍ਹਾਂ ਦੀ ਨਵੀਂ ਵਾਰਡਬੰਦੀ ਤੇ ਵੋਟਰ ਸੂਚੀਆਂ ਤਿਆਰ ਕਰਾਈਆਂ ਜਾਣਗੀਆਂ। ਇਨ੍ਹਾਂ ਸੂਤਰਾਂ ਅਨੁਸਾਰ ਜਿਨ੍ਹਾਂ ਨਗਰ ਪਾਲਿਕਾਵਾਂ ਦੀ ਵਾਰਡਬੰਦੀ ਹੋ ਚੁੱਕੀ ਹੈ, ਸਰਕਾਰ ਉਨ੍ਹਾਂ ਦੀ ਜਾਂਚ ਕਰਾਏਗੀ ਅਤੇ ਜੋ ਠੀਕ ਹੋਣਗੀਆਂ ਉਨ੍ਹਾਂ ਦੀ ਪਰਵਾਨਗੀ ਦੇ ਦੇਵੇਗੀ। ਇਕ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਬਰਨਾਲਾ ਸਰਕਾਰ ਕੋਈ ਵੀ ਕਦਮ ਕਾਹਲੀ ਨਾਲ ਨਹੀਂ ਉਠਾਉਣਾ ਚਾਹੁੰਦੀ ਜਿਸ ਨਾਲ ਹਾਲਾਤ ਖਰਾਬ ਹੋਣ ਜਾਂ ਫਿਰਕੂ ਤਣਾਓ ਵਧੇ।

# ਭਾਈ ਅਮਰੀਕ ਸਿੰਘ ਦੇ ਰਿਸ਼ਤੇਦਾਰ ਵਿਰੁਧ ਕੇਸ ਵਾਪਸ

ਚੰਡੀਗੜ੍ਹ — ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਸਵਰਗੀ ਪ੍ਰਧਾਨ ਭਾਈ ਅਮਰੀਕ ਸਿੰਘ ਦੇ ਇਕ ਸਕੇ ਸਬੰਧੀ ਸ: ਗੁਰਤੇਜ ਸਿੰਘ ਵਿਰੁਧ ਕੌਮੀ ਸੁਰੱਖਿਆ ਐਕਟ ਅਧੀਨ ਦਰਜ ਕੇਸ ਪੰਜਾਬ ਸਰਕਾਰ ਨੇ ਵਾਪਸ ਲੈ ਲਿਆ ਹੈ। ਦੱਸਿਆ ਜਾਂਦਾ ਹੈ ਕਿ ਪੰਜਾਬ ਦੇ ਮੁਖ ਮੰਤਰੀ ਸ: ਸੁਰਜੀਤ ਸਿੰਘ ਬਰਨਾਲਾ ਦੇ ਕਹਿਣ ਉਤੇ ਪਟਿਆਲਾ ਰੇਂਜ ਦੇ ਡੀ. ਆਈ. ਜੀ. ਪੁਲੀਸ ਨੂੰ ਇਸ ਬਾਰੇ ਹਦਾਇਤ ਕਰ ਦਿਤੀ ਗਈ ਹੈ।

ਸ. ਗੁਰਤੇਜ ਸਿੰਘ ਜੋ ਪੰਜਾਬ ਹੋਮ ਗਾਰਡ ਸੰਗਰੂਰ ਦੇ ਸਾਬਕਾ ਕਮਾਂਡਰ ਹਨ, ਪੁਲੀਸ ਦੇ ਹੱਥ ਆਉਣ ਦੀ ਥਾਂ ਰੂਪੋਸ਼ ਹੋ ਗਏ ਹ ਸਨ। ਉਨ੍ਹਾਂ ਵਿਰੁਧ ਕੋਈ ਗੰਭੀਰ ਦੋਸ਼ ਨਹੀਂ ਸੀ ਪਰ ਕੁਝ ਪੁਲੀਸ ਅਧਿਕਾਰੀ ਉਨ੍ਹਾਂ ਦੀ ਭਾਈ ਅਮਰੀਕ ਸਿੰਘ ਨਾਲ ਰਿਸ਼ਤੇਦਾਰੀ ਕਾਰਨ ਉਨ੍ਹਾਂ ਨੂੰ ਤੰਗ ਕਰਨ ਉਤੇ ਤੁਲੇ ਹੋਏ ਸਨ। ਪੁਲੀਸ ਸ: ਗੁਰਤੇਜ ਸਿੰਘ ਦੇ ਰੂਪੋਸ਼ ਹੋਣ ਬਾਅਦ ਉਨ੍ਹਾਂ ਦੇ ਪਰਵਾਰ ਦੇ ਜੀਆਂ ਤੇ ਰਿਸ਼ਤੇਦਾਰਾਂ ਨੂੰ ਨਜਾਇਜ਼ ਹਿਰਾਸਤ ਵਿਚ ਰੱਖ ਕੇ ਤੰਗ ਪਰੇਸ਼ਾਨ ਕ ਕਰਦੀ ਰਹੀ ਸੀ। ਇਸੇ ਦੌਰਾਨ ਸ. ਗੁਰਤੇਜ ਸਿੰਘ ਨੇ ਇਥੇ ਜਾਰੀ ਇਕ ਬਿਆਨ ਵਿਚ ਕਿਹਾ ਕਿ ਉਹ ਉਨ੍ਹਾਂ ਵਾਂਗ ਝੂਠੇ ਪੁਲਸ ਕੇਸਾਂ 'ਚ ਫਸਾਏ ਨੌਜਵਾਨਾਂ ਦੀ ਰਿਹਾਈ ਤੇ ਪੰਥਕ ਏਕੇ ਲਈ ਆਪਣਾ ਸਾਰਾ ਸਮਾਂ ਅਰਪਣ ਕਰਨਗੇ। ਉਨ੍ਹਾਂ ਨੇ ਮੰਗ ਕੀਤੀ ਹੈ ਕਿ ਪਿਛਲੇ ਕੁਝ ਸਾਲਾਂ ਦੌਰਾਨ ਰਾਜ ਦੇ ਹਜ਼ਾਰਾਂ ਬੇਕਸੂਰ ਲੋਕਾਂ ਨੂੰ ਬਿਨਾਂ ਵਜ੍ਹਾ ਤੰਗ ਪਰੇਸ਼ਾਨ ਕਰਨ ਲਈ ਜ਼ਿੰਮੇਂਵਾਰ ਪੁਲੀਸ ਅਧਿਕਾਰੀਆਂ ਨੂੰ ਯੋਗ ਸਜ਼ਾਵਾਂ ਦਿਤੀਆਂ ਜਾਣ।

# ਪੁਨਰਵਾਸ 'ਤੇ 1.3 ਕਰੋੜ ਰੁਪਏ ਖਰਚੇ

ਲੁਧਿਆਣਾ — ਸ਼੍ਰੋਮਣੀ ਪ੍ਰਬੰਧਕ ਕਮੇਟੀ ਨੇ ਨੀਲਾ ਤਾਰਾ ਅਪਰੇਸ਼ਨ ਦੇ "ਸ਼ਹੀਦਾਂ" ਅਤੇ ਦੰਗਾ ਪੀੜਤਾਂ ਦੇ ਪੁਨਰਵਾਸ ਦੇ ਕੰਮ ਤੇ 1.13 ਕਰੋੜ ਰੁਪਏ ਖਰਚੇ ਹਨ। ਇਹ ਇੰਕਸ਼ਾਂਫ ਇਥੇ ਕਮੇਟੀ ਦੇ ਸਕੱਤਰ ਸ: ਭਾਨ ਸਿੰਘ ਨੇ ਕੀਤਾ।

# ਅਤਿਵਾਦੀਆਂ ਦੀਆਂ ਗਤੀਵਿਧੀਆਂ ਉਤੇ ਸਖਤ ਨਜ਼ਰ

ਵੈਨਕੂਵਰ — 'ਪ੍ਰੋਵਿਨਸ' ਦੇ ਸਲੀਮ ਜਾਵਾ ਅਨੁਸਾਰ ਰਾਜੀਵ ਦੀ ਆਮਦ ਕਾਰਨ ਲੋਅਰ ਮੇਨ ਲੈਂਡ ਵਿਚ ਆਰ. ਸੀ. ਐਮ. ਪੀ. ਮਿਲੀਟੈਂਟ ਦੀਆਂ ਹਰਕਤਾਂ ਨੂੰ ਧਿਆਨ ਵਿਚ ਰਖ ਰਹੀ ਹੈ। ਬਾਰਡਰ ਉਤੇ ਸੁਰਖਿਆ ਪ੍ਰਬੰਧ ਸਖਤ ਕਰ ਦਿਤੇ ਗਏ ਹਨ ਅਤੇ ਸ਼ੱਕੀ ਥਾਵਾਂ ਤੇ ਛਾਪੇ ਮਾਰੇ ਜਾ ਰਹੇ ਹਨ ਅਤੇ ਪੁੱਛ ਪੜਤਾਲ ਕੀਤੀ ਜਾ ਰਹੀ ਹੈ। ਇਸ ਸਭ ਕੁਝ ਕਰਨ ਦੇ ਕਾਰਨ ਥੱਲੇ ਲਿਖੇ ਹਨ :

- ਇਕ ਮਿਲੀਟੈਂਟ ਟਰੇਨਿੰਗ ਕੈਂਪ ਨਿਊਵੈਸਟ ਸਿਖ ਟੈਂਪਲ ਦੇ ਪਿਛਵਾੜੇ ਲਾਇਆ ਗਿਆ ਜਿਸ ਵਿਚ ਟਰਾਂਟੋ ਤੋਂ ਆਏ ਅਤਿਵਾਦੀ ਯੁਵਕਾਂ ਨੇ ਹਿਸਾ ਲਿਆ।
- ਇਹ ਸ਼ੱਕ ਕੀਤਾ ਜਾਂਦਾ ਹੈ ਕਿ ਲਾਲ ਸਿੰਘ ਤੇ ਅਮੰਦ ਸਿੰਘ ਲੋਅਰ ਮੇਨਲੈਂਡ ਵਿਚ ਹੀ ਛੁਪੇ ਹੋਏ ਹਨ।
- ਇੰਟਰ ਨੈਸ਼ਨਲ ਸਿੱਖ ਯੂਥ ਫੈਡਰੇਸ਼ਨ ਦੇ ਮੈਂਬਰਾਂ ਦੀ ਇੰਗਲੈਂਡ ਵਿਚ ਗ੍ਰਿਫਤਾਰੀ, ਇਹਨਾਂ ਦੁਆਰਾ ਰਾਜੀਵ ਨੂੰ ਕਤਲ ਕਰਨ ਦੀ ਸੋਜਸ਼।
- ਵੈਨਕੂਵਰ ਇੰਟਰਨੈਨਨਲ ਬਰਾਂਚ ਵਲੋਂ ਵੈਨਾਂ ਰਾਹੀਂ ਬੰਦੇ ਲਿਜਾਕੇ ਕੈਲੀਫੋਰਨੀਆਂ ਵਿਚ ਹੋ ਰਹੀ ਕਨਵੈਨਸ਼ਨ ਵਿਚ ਹਿਸਾ ਲੈਣ ਦਾ ਐਲਾਨ।

ਤਲਵਿੰਦਰ ਸਿੰਘ ਪਰਮਾਰ ਅਤੇ ਸੁਰਜਨ ਸਿੰਘ ਗਿੱਲ ਆਦਿ ਦੇ ਘਰਾਂ ਤੋਂ ਪੁਲਸ ਨੇ ਪੁੱਛਗਿਛ ਕੀਤੀ ਹੈ।

# ਪੰਚਾਇਤ ਸੰਮਤੀਆਂ ਤੇ ਪ੍ਰੀਸ਼ਦਾਂ ਦੀ ਮਿਆਦ ਵਧੀ

ਪੰਜਾਬ ਸਰਕਾਰ ਨੇ ਪੰਚਾਇਤ ਸੰਮਤੀਆਂ ਤੇ ਜ਼ਿਲਾ ਪ੍ਰੀਸ਼ਦਾਂ ਦੀ ਮੁਅੱਤਲੀ ਦੀ ਮਿਆਦ ਇਕ ਸਾਲ ਹੋਰ ਵਧਾ ਦਿਤੀ ਹੈ।

BUYING & SELLING
Farms—Home—Lots
& Commercial Properties
Bus. 877-1138
Pager 667-0868
BEST CHOICE REALTY LTD.
1331 Kingsway, Vancouver, B.C. V5V 3E3
(24 HRS) PHONE: 877-1138

KULDIP [KAL] RANGI
RES: 278-8320

NON-SMOKERS & SMOKERS
TOGETHER WE ARE STRONGER
NORTH AMERICAN LIFE
Permanent & Terms Plan
- Life and Group Insurance
- Retirement & Pension Plans
- Company Pension and Health Benefit Plans
- Estate Protection
- Business & Mortgage Insurance

Ph. 685-9335

SUDESH KALIA

## ਵਿਲੀਅਮਜ਼ ਲੇਕ ਗੁਰੂ ਘਰ ਨੇ

# ਸੰਤ ਲੌਂਗੋਵਾਲ ਦਾ ਸ਼ਹੀਦੀ ਦਿਵਸ ਮਨਾਇਆ

(ਰਿਪੋਰਟ ਅਗਲੇ ਅੰਕ ਵਿਚ)



ਵਿਲੀਅਮਜ਼ਲੇਕ ਦੇ ਐਲਡਰਮੈਨ ਗੁਰਬਖਸ਼ ਸੈਣੀ


ਵੈਨਕੂਵਰ ਤੋਂ ਸ੍ਰੋਮਣੀ ਅਕਾਲੀ ਦਲ ਦੇ ਆਗੂ ਹਰਦਿਆਲ ਸਿੰਘ ਜੌਹਲ



ਜਨਰਲ ਸਕੱਤਰ ਜਗਦੇਵ ਸਿੰਘ ਧਾਲੀਵਾਲ



ਗੁਰੂ ਘਰ ਦੇ ਪ੍ਰਧਾਨ ਸ: ਰਾਠੌਰ



ਸ: ਭੁੰਗਰਾਨੀ ਸ਼ਰਧਾਂਜਲੀ ਭੇਂਟ ਕਰਦੇ ਹੋਏ



ਸ: ਰਾਜਿੰਦਰ ਸਿੰਘ ਸਿੰਘ ਪਰਮਾਰ ਸੰਤ ਜੀ ਬਾਰੇ ਬੋਲਦੇ ਹੋਏ


# DOSANJH & PIRANI

**#202 - 5887 Victoria Drive, Vancouver, B.C. V5P 3W5**

**Phone 327-6381**

- ਪਰਸਨਲ ਸੱਟਾਂ ਦੀ ਇਨਸ਼ੋਰੈਂਸ ਦੇ ਕੇਸ
- ਜ਼ਮੀਨ ਖ੍ਰੀਦਣ ਤੇ ਵੇਚਣ ਦੇ ਕਾਗਜ਼ਾਤ
- ਵਿਉਪਾਰਕ ਮਸਲੇ
- ਪ੍ਰਵਾਰ ਤੇ ਤਲਾਕ
- ਫੌਜਦਾਰੀ ਤੇ ਸਿਵਲ
- ਕੋਰਟ ਟਰਾਇਲ

## ਉੱਜਲ ਦੁਸਾਂਝ ਤੇ ਮਹਿਬੂਬ ਪਿਰਾਨੀ

# BUY DIRECT FROM IMPORTER

ਭਾਰਤ ਜਾਣ ਤੋਂ ਪਹਿਲਾਂ ਸਾਡੇ ਸਟੋਰ ਤੇ ਦਰਸ਼ਨ ਦਿਉ । ਜਿਥੇ ਜੰਬੋ ਜੈਟ ਦੇ ਸੂਟ ਕੇਸਾਂ
ਦੀ ਸੇਲ ਲੱਗੀ ਹੋਈ ਹੈ, ਸਮਾਨ ਲੈਣ ਤੋਂ ਪਹਿਲਾਂ ਸਾਡੀਆਂ ਕੀਮਤਾਂ ਜ਼ਰੂਰ ਚੈਕ ਕਰੋ

ਭਾਰਤ ਦੀ ਬਿਜਲੀ ਤੇ ਚਲਣ ਵਾਲੀਆਂ ਟੇਪ ਰੀਕਾਰਡਰ, ਗਰਾਈਂਡਰ, ਬੈਲੰਡਰ ਤੇ ਬਿਜਲੀ
ਦੀਆਂ ਪ੍ਰੈਸ ਤੇ ਹੋਰ ਬਹੁਤ ਸਾਰਾ ਸਮਾਨ

ਘੜੀਆਂ ਹੀ ਘੜੀਆਂ





**$39.95**



**$19.95**



**49.95** 110/220



**GRINDER & BLENDER**
Multi Voltage, Operates on
AC /220 volt.

**$39.95**

ਬਹੁਤ ਕਿਸਮ ਦੇ Tools ਦੀ ਸੇਲ



AS low as
**$4.95**



**COMPLETE LINE OF:**

- HOUSEWARES
- HARDWARE
- CAMPING
- ELECTRONICS
- CLOCKS
- LUGGAGE
- NOVELTY ITEMS
- WATCHES
- AIR TOOLS
- CAR STEREOS
- AND MUCH MORE

## SHALIMAR GIFTS LTD.

**LONDON LOAN PAWANBROKERS**

PH: (604) 685-7050
7 West Hastings, Vancouver, B.C. V6B 1G4

LTD.




**19535 Fraser Hwy., Surrey, B.c. Ph. 530-1211**

OPEN : MON. TO WED., SAT. 9.30 - 6.00 p.m. THURS. - FRI. 9.30 - 9.00 p.m. SUNDAY 10 - 10.00 - 5.00 p.m.

# AMBIKA FOODS

## 5125 Victoria Drive
## Vancouver, B.C. Canada

**PHONE: 327—0295**

# DIWALI SPECIAL SALE

| | | |
|---|---|---|
| MILK<br>ਦੁੱਧ<br>3.27 | NABOB<br>ਨਵਾਬ ਚਾਹ<br>3.99 120's | ATTA<br>ਆਟਾ<br>B] 2x10 kg. 8.99 |
| ALMOND<br>ਬਦਾਮ<br>lb. 1.79 | SUGAR<br>ਖੰਡ 10 kg.<br>with regular grocery] 3.99 | CORNED MUTTON<br>ਕੌਰਨਡ ਮਟਨ<br>tin. 1.37 |
| LONG GRAIN RICE<br>ਲੌਂਗ ਗਰੇਨ ਚਾਵਲ<br>20 kg. 10.99 | BESAN<br>[PEA FLOOR]<br>ਬੇਸਣ<br>2 kg. 1.49 | CHICKEN LEGS<br>ਮੁਰਗੇ ਦੀਆਂ ਲੱਤਾਂ<br>lb. 99¢ |
| CHANA FLOOR<br>ਛੋਲਿਆਂ ਦਾ ਆਟਾ<br>2 kg. 2.89 | CHANA DAL ਛੋਲਿਆਂ ਦੀ ਦਾਲ<br>MOONG ਮੂੰਗੀ<br>KALA CHANA ਕਾਲੇ ਛੋਲੇ<br>lb. 37¢ | |

We beat our Competitor's Price

**We reserve the right to limit the quantity or until last.**

(ਪੰਨਾ 16 ਦੀ ਬਾਕੀ

ਸਾਊਥ ਅਫਰੀਕਾ ਤੋਂ ਆਈਆਂ ਸਾਰੀਆਂ ਵਸਤਾਂ ਦਾ ਬਾਈਕਾਟ ਕਰਨਾ ਚਾਹੀਦਾ ਹੈ ਜਿਵੇਂ : ਪਾਰਲ ਵਾਈਨਜ਼, ਆਊਟ ਸਪੈਨ ਸੰਤਰੇ, ਰਾਥਮੈਨ ਸਿਗਰਟਾਂ, ਓ ਕੀਫ ਵੱਲੋਂ ਤਿਆਰ ਕੀਤੀਆਂ ਚੀਜ਼ਾਂ ਆਦਿ। ਜਿਹੜੀਆਂ ਕੰਪਨੀਆਂ ਸਾਊਥ ਅਫਰੀਕਾ ਵਿਚ ਪੂੰਜੀ ਲਾਉਂਦੀਆਂ ਹਨ, ਉਨ੍ਹਾਂ ਦੀਆਂ ਬਣਾਈਆਂ ਵਸਤਾਂ ਦਾ ਬਾਈਕਾਟ ਕਰਨਾ ਚਾਹੀਦਾ ਹੈ। ਪ੍ਰਧਾਨ ਮੰਤਰੀ ਮਲਰੂਨੀ ਜਾਂ ਬਾਹਰਲੇ ਮੁਆਮਲਿਆਂ ਦੇ ਮੰਤਰੀ ਜੋ ਕਲਾਰਕ ਨੂੰ ਚਿੱਠੀਆਂ ਲਿਖਣੀਆਂ ਚਾਹੀਦੀਆਂ ਹਨ ਕਿ ਉਹ ਕੈਨੇਡਾ ਵੱਲੋਂ ਸਾਊਥ ਅਫਰੀਕਾ ਵਿਰੋਧ ਆਰਥਿਕ ਪਾਬੰਦੀਆਂ ਦਾ ਐਲਾਨ ਕਰੇ।

ਸਾਊਥ ਅਫਰੀਕਾ ਵਿਰੁੱਧ ਆਰਥਿਕ ਪਾਬੰਦੀਆਂ ਚਿੱਟੀ ਸਰਕਾਰ ਦੇ ਗੋਡੇ ਲਵਾਉਣ ਵਿਚ ਸਹਾਈ ਹੋ ਸਕਦੀਆਂ ਸਾਨੂੰ ਉਨ੍ਹਾਂ ਲੋਕਾਂ ਦੇ ਪਰਚਾਰ ਤੋਂ ਬਚਣਾ ਚਾਹੀਦਾ ਹੈ ਜੋ ਕਹਿੰਦੇ ਹਨ ਕਿ ਆਰਥਿਕ ਪਾਬੰਦੀਆਂ ਸਾਊਥ ਅਫਰੀਕਾ ਦੇ ਕਾਲੇ ਲੋਕਾਂ ਉਪਰ ਮਾੜਾ ਅਸਰ ਕਰਨਗੀਆਂ। ਕਾਲੇ ਲੋਕਾਂ ਦੇ ਬਹੁਤ ਆਗੂਆਂ ਨੇ ਇਸ ਬਾਰੇ ਇਹ ਕਿਹਾ ਹੈ ਕਿ ਬੇਸ਼ੱਕ ਕਾਲੇ ਲੋਕਾਂ ਉਪਰ ਇਸਦਾ ਅਸਰ ਹੋਵੇਗਾ, ਪਰ ਉਹ ਲੋਕ ਆਜ਼ਾਦੀ ਲੈਣ ਲਈ ਇਸ ਤਰ੍ਹਾਂ ਦੀ ਕੁਰਬਾਨੀ ਕਰਨ ਨੂੰ ਤਿਆਰ ਹਨ। ਅਪਾਰਥਾਈਡ ਦਾ ਵਿਰੋਧ ਕਰਨਾ ਹਰ ਜਮਹੂਰੀਅਤ ਪਸੰਦ ਮਨੁੱਖ ਦਾ ਫਰਜ਼ ਹੈ ਅਤੇ ਸਾਨੂੰ ਇਸ ਫਰਜ਼ ਤੋਂ ਕੁਤਾਹੀ ਨਹੀਂ ਕਰਨੀ ਚਾਹੀਦੀ।

(ਨੋਟ : ਇਸ ਲੇਖ ਵਿਚ ਵਰਤੀ ਜਾਣਕਾਰੀ ਹੇਠ ਲਿਖੇ ਸੋਮਿਆਂ ਤੋਂ ਇਕੱਠੀ ਕੀਤੀ ਗਈ ਹੈ :

1. ਐਨਥਨੀ ਲੇਮਨ ਵੱਲੋਂ ਸਾਊਥ ਅਫਰੀਕਾ ਬਾਰੇ ਲਿਖੀ ਕਿਤਾਬ 'ਅਪਾਰਥਾਈਡ' ਵਿਚੋਂ।
2. ਮਿਲਾਰਡ ਅਰਨਲਡ ਵੱਲੋਂ ਸਟੀਵ ਬੀਕੋ ਬਾਰੇ ਸੰਪਾਦਤ ਕੀਤੀ ਕਿਤਾਬ ਵਿਚੋਂ।
3. ਯੂਨੈਸਕੋ ਵੱਲੋਂ 1978 ਵਿਚ ਛਾਪੇ ਗਏ ਪੈਂਫਲਿਟ : Apartheid, Black & White ਵਿਚੋਂ।
4. ਯੂਨੈਸਕੋ ਕੋਰੀਅਰ ਦੇ ਨਵੰਬਰ 1977 ਦੇ ਅੰਕ ਵਿਚੋਂ।
5. ਯੂਨੈਸਕੋ ਫੀਚਰ ਵਿਚੋਂ
6. ਅਗਸਤ 5, 1985, ਦੇ ਮੈਕਲੀਨ ਮੈਗਜ਼ੀਨ ਵਿਚ ਛਪੀ ਸਪੈਸ਼ਲ ਰੀਪੋਰਟ ਵਿਚੋਂ।
7. ਅਗਸਤ 5, 1985 ਦੇ ਟਾਈਮਜ਼ ਮੈਗਜ਼ੀਨ ਵਿਚ ਛਪੀ ਸਪੈਸ਼ਲ ਰੀਪੋਰਟ ਵਿਚੋਂ।
8. ਸਾਊਥ ਅਫਰੀਕਨ ਐਕਸ਼ਨ ਕੋਲੀਸ਼ਨ ਵੱਲੋਂ ਛਾਪੇ ਪੈਂਫਲਿਟ 'ਫਾਈਨੈਂਸਿੰਗ ਅਪਾਰਥਾਈਡ' ਵਿਚੋਂ।
9. ਜੋਆਇਸ ਕਿਸਾਨੇ ਵੱਲੋਂ ਲਿਖੀ ਕਿਤਾਬ 'ਆ ਵਿੰਡੋ ਆਨ ਸੋਵੀਟੋ' ਵਿਚੋਂ।
10. 'ਗਲੋਬ ਐਂਡ ਮੇਲ' ਅਤੇ 'ਵੈਨਕੂਵਰ ਸਨ' ਵਿਚ ਛਪੀਆਂ ਖਬਰਾਂ ਅਤੇ ਲੇਖਾਂ ਵਿਚੋਂ।

(ਧੰਨਵਾਦ ਸਹਿਤ 'ਵਤਨੋਂ ਦੂਰ' ਵਿਚੋਂ)

## ਉਜਲੀ ਸਵੇਰ

• ਮਨਮੋਹਨ ਸਿੰਘ ਦਾਊਂ

ਬਹੁਤ ਦਰਦ ਹੰਢਾ ਲਿਆ ਏ.
ਬਹੁਤ ਕਹਿਰ ਭਾ ਲਿਆ ਏ
ਹੁਣ ਰੁੱਤ ਦਰ ਤੇ ਆਈ
ਉਜਲੀ ਸਵੇਰ ਬਣਕੇ
ਆ ਇਸ ਦਾ ਸਵਾਗਤ ਕਰੀਏ
ਪੈਂਡਾ ਕਠਨ ਜੋ ਅੱਗੇ
ਸਿਰੜੀ ਦੇ ਵਾਂਗ ਤਰੀਏ।
ਨਹੀਂ ਰੁੱਤ ਰੋਸਿਆਂ ਦੀ
ਰੁੱਠੜੇ ਮਨਾਉਣ ਦੀ ਹੈ,
ਖੰਡਰਾਂ ਦੇ ਉੱਤੇ ਮੁੜਕੇ
ਆਓ ਉਸਾਰੀ ਕਰੀਏ।

ਲੋਕਾਂ ਦੀ ਜਿੱਤ ਦਾ ਸੂਰਜ
ਪਿੰਡਾਂ ਤੇ ਸ਼ਹਿਰ ਕੰਘਦਾ
ਚੜ੍ਹਿਆ ਬਲੌਰੀ ਅੰਬਰੀਂ
ਖੇਤਾਂ ਦੇ ਉੱਤੋਂ ਲੰਘਦਾ
ਤੇ ਕਿਰਤੀ ਦੀ ਭੁੱਖ ਖਾਤਰ
ਰੁਜ਼ਗਾਰ ਪਿਆ ਮੰਗਦਾ।

ਆ ਸਾਗਰ ਦੀ ਗਰਮ-ਰੌਅ ਨੂੰ
ਬੰਦੀ ਤੋਂ ਮੁਕਤ ਕਰੀਏ
ਤੇ ਸੱਚਾ ਵਿਸ਼ਵਾਸ ਦੇ ਕੇ
ਜਿਉਣੇ ਦੇ ਯੋਗ ਕਰੀਏ
ਪੱਤਣਾ ਜੋ ਵਿਧਵਾ ਹੋਈਆਂ
ਉਨ੍ਹਾਂ ਨੂੰ ਓਡਣ ਦਈਏ
ਤੇ ਫੁੱਲਾਂ ਲਾਵਾਰਸਾਂ ਨੂੰ
ਵਿਹੜੇ ਨਸੀਬ ਕਰੀਏ।

ਮੰਦਰ, ਦੁਆਰਿਆਂ ਦੇ
ਕਲਸਾਂ ਤੇ ਧੁੱਪ ਇਕੋ
ਤੇ ਮਿੱਟੀ ਦੀ ਮਹਿਕ ਸਾਂਝੀ
ਸਾਡੀ ਹੈ ਆਦਿ-ਜੁਗਾਦੀ
ਅੱਖਰਾਂ ਦਾ 'ਅਹਿਦਨਾਮਾ'
ਇਤਿਹਾਸ ਹੈ ਸਮੇਂ ਦਾ
ਇਸ ਦੇ ਲਹੂ ਦਾ ਆਲਮ
ਸਾਲਮ ਸਬੂਤ ਕਰੀਏ
ਤੇ ਇਕ ਦਾ ਪਰਚਮ ਲੈ ਕੇ
ਸੁੱਖ-ਸ਼ਾਂਤੀ ਦੇ ਖਾਤਰ
ਉਜਲਾ ਪੰਜਾਬ ਕਰੀਏ!!

## ਸ਼ੁਭ-ਇਛਾਵਾਂ

OFFICE OF MAYOR
THE CORPORATION OF THE DISTRICT OF SURREY B.C.
SURREY, B.C., CANADA

October 4, 1985

Darpan Publications
15280 - 96 Avenue
Surrey, B.C.
V3R 1G2

Dear Sirs:

As Mayor, I would like to take this opportunity to welcome you and your business, Darpan Publications, to the Surrey business community. Our municipality is rapidly growing and as such provides opportunity for new businesses such as yours. It is our Council's policy to encourage and support the business community, consequently if you require information regarding the various municipal functions or the municipality as a whole, I would encourage you to contact one of our municipal departments. Our staff will be more than pleased to assist you.

The Surrey Chamber of Commerce, the South Surrey/White Rock Chamber of Commerce and the Cloverdale Board of Trade all meet on a regular basis, giving you the opportunity to meet other businessmen in the community. Their function is to support businesses such as yours and to encourage trade and commerce.

Once again, on behalf of Surrey Council I extend a warm welcome to you and wish you every success.

Yours very truly,

Don A. Ross

Don A. Ross
Mayor


# ਜਗਦੀਸ਼ ਸਿੰਘ ਨੋਟਰੀ ਪਬਲਿਕ

(ਬੀ. ਏ. ਐਲ. ਐਲ. ਬੀ. (ਪੰਜਾਬ ਯੂਨੀਵਰਸਿਟੀ) ਅਤੇ

## ਇਮੀਗਰੇਸ਼ਨ ਸਲਾਹਕਾਰ

ਜਿਨ੍ਹਾਂ ਦੇ ਦਫਤਰ ਵਿਚ ਨੋਟਰੀ ਪਬਲਿਕ ਦੇ ਆਮ ਕੰਮ ਕੀਤੇ ਜਾਂਦੇ ਹਨ ਜਿਵੇਂ ਕਿ :—

- ਘਰ ਜਾਂ ਜ਼ਮੀਨ ਖ੍ਰੀਦਣ, ਵੇਚਣ ਲਈ ਜਾਂ ਮੌਰਗੇਜ਼ ਲੈਣ, ਦੇਣ ਜਾਂ ਕੈਂਸਲ ਕਰਨੀ ਆਦਿ ਦੇ ਕਾਗਜ਼ਾਤ ਤਿਆਰ ਕਰਨੇ ਅਤੇ ਰਜਿਸਟਰੀ ਕਰਵਾਉਣੀ
- ਵਸੀਅਤ, ਮੁਖਤਿਆਰਨਾਮੇ, ਐਫੀਡੇਵਿਟ, ਡੇਕਲਾਰੇਸ਼ਨ, ਐਗਰੀਮੈਂਟ, ਬਾਹਰੋਂ ਆਏ ਰਿਸ਼ਤੇਦਾਰਾਂ ਲਈ "ਰਾਹਦਾਰੀ"
- ਪਾਸਪੋਰਟ ਨਾਂ ਦੀ ਤਬਦੀਲੀ



ਜਗਦੀਸ਼ ਸਿੰਘ B.A.LL.B. (Pb.U.)
(ਸਾਬਕਾ ਐਡਵੋਕੇਟ ਪੰਜਾਬ ਹਾਈਕੋਰਟ)

## ਅਤੇ ਇਮੀਗਰੇਸ਼ਨ

ਦੇ ਆਮ ਮਸਲੇ ਤੇ ਇਮੀਗਰੇਸ਼ਨ ਅਪੀਲ ਬੋਰਡ ਦੇ ਕੇਸ ਲੜਨ ਲਈ ਜਾਣਕਾਰੀ ਤੇ ਯੋਗ ਸਹਾਇਤਾ

#201 - 2001 East 36th Ave. [at victoria]
Vancouver. B.C. V5P 1C9

Off. 324-6727
Res. 324-4160



# TICKETS TO ANYWHERE
# GABA TRAVELS

ਤੁਹਾਡੇ ਰਿਸ਼ਤੇਦਾਰਾਂ, ਦੋਸਤਾਂ ਤੇ ਆਪਣੇ ਲਈ ਹਮੇਸ਼ਾਂ ਸਾਨੂੰ ਯਾਦ ਕਰੋ। ਅਸੀਂ ਵਾਜਬ ਕਿਰਾਏ ਤੇ ਵਧੀਆ ਸੇਵਾਵਾਂ ਦੀ ਗਰੰਟੀ ਦਿੰਦੇ ਹਾਂ।

6612, MAIN ST.
VANCOUVER, B. C.
PHONE: 324-3336

MANOHAR LAL GABA
GET HELP IN INDIA AT
NUR MAHAL PH: 49
JULLUNDUR PH: 74597
NEW DELHI PH: 44165
JANDIALA (JULLUNDUR)
MOGA (Fareedkot)


## 'ਕੈਨੇਡਾ ਦਰਪਣ' ਦੇ ਚੰਦੇ ਦਾ ਫ਼ਾਰਮ
## SUBSCRIPTION FORM

To

The Canada Darpan
P.O.Box. 67344,STN.'O'
VANCOUVER,B.C.
CANADA V5W 3T1

I am enclosing a ☐ cheque ☐ M.O. ☐ Draft as my Subscription for the year(s)....... I may be sent the newspaper at the following address :

Name.......................................................
Address...................................................
City.........................................................
Province..................................................
Postal code..............................................
PHONE.

| | |
|---|---|
| One Year .................... | 25 dollars |
| Two Year .................... | 45 dollars |
| Three year .................. | 65 dollars |
| Life membership.......... | 300 dollars |
| ASIA............................ | 100 dollars[a year] |
| U.S.A. ......................... | 30 dollars [a year] |
| Europe ......................... | 100 dollars[a year] |
| Africa ........................... | 100 dollars [a year] |

# ਫ਼ਿਲਮਦਰਪਣ

## ਫਿਲਮੀ ਲੋਕ

### ਸ਼ਮੀ/ਸਿੰਮੀ

ਦਾਰਾ ਸਿੰਘ ਦੀ ਪੰਜਾਬੀ ਫਿਲਮ 'ਸਵਾ ਲਖ ਸੇ ਏਕ ਲੜਾਊਂ ਨਾਲ ਉਹ ਪਹਿਲੀ ਵਾਰ ਸਕਰੀਨ 'ਤੇ ਆਈ ਸੀ। ਇਸ ਫਿਲਮ ਦੇ ਇਕ ਗੀਤ "ਮੁੰਡਾ ਮਿਲੇ ਨਾ ਮੇਰੇ ਹਾਣ ਦਾ ..." ਵਿਚ ਉਸ ਨੇ ਡਾਂਸ ਕਰਕੇ ਦਰਸ਼ਕਾਂ ਦਾ ਧਿਆਨ ਆਪਣੀ ਵੱਲ ਖਿਚਿਆ ਸੀ।

ਉਸ ਕਲਾਕਾਰਾਂ ਨੂੰ ਸ਼ਮੀ ਵੀ ਕਹਿੰਦੇ ਨੇ, ਸਿੰਮੀ ਵੀ ਤੇ ਕੰਵਲ ਵੀ। "ਟਾਕ ਰਾ" ਪੰਜਾਬੀ ਫਿਲਮ 'ਚ ਸਿੰਮੀ ਨੇ ਛੋਟੀ ਜਿਹੀ ਭੂਮਿਕਾ ਨਿਭਾਈ ਸੀ ਤੇ "ਤਿਲ ਤਿਲ ਦਾ ਲੇਖਾ" ਵਿਚ ਵੀ। ਲੰਡਨ 'ਚ ਵਸਦੇ ਨਿਰਮਾਤਾਵਾਂ ਨੇ "ਕੱਚਾ ਘੜਾ" ਫਿਲਮ ਅਨਾਊਂਸ ਕੀਤੀ ਸੀ ਜਿਸ ਵਿਚ ਸਿੰਮੀ ਨੇ ਬਤੌਰ ਹੀਰੋਇਨ ਰੋਲ ਕਰਨਾ ਸੀ ਪਰ ਉਹ ਫਿਲਮ ਅੱਗੇ ਨਹੀਂ ਤੁਰ ਸਕੀ।

ਰੇਡੀਓ ਨਾਟਕਾਂ ਤੋਂ ਇਲਾਵਾ ਸਫਰ, ਤਸੱਲੀ ਤੇ ਕਈ ਹੋਰ ਟੈਲੀਵੀਜ਼ਨ ਡਰਾਮਿਆਂ ਵਿਚ ਸ਼ਮੀ ਆਪਣੀ ਕਲਾ ਦੇ ਜੌਹਰ ਦਿਖਾ ਚੁੱਕੀ ਹੈ। ਸ਼ਮੀ ਦਾ ਕਹਿਣਾ ਹੈ ਕਿਫਿਲਮੀ ਦੁਨੀਆਂ ਵੱਲ ਤੁਰਨ ਲਗਿਆਂ ਉਸਨੂੰ ਕੋਈ ਹਿਚਕਚਾਹਟ ਨਹੀਂ ਹੋਈ ਸਗੋਂ ਪਿਤਾ ਨੇ ਉਤਸ਼ਾਹਤ ਕੀਤਾ। "ਕਿਸ ਕਿਸਮ ਦੇ ਰੋਲ ਚੰਗੇ ਲਗਦੇ ਨੇ" ਦੇ ਜਵਾਬ ਵਿਚ ਸ਼ਮੀ ਨੇ ਕਿਹਾ "ਉਂਝ ਤਾਂ ਹਰ ਪ੍ਰਕਾਰ ਦੇ ਰੋਲ ਕਰਨ ਨੂੰ ਤਿਆਰ ਹਾਂ, ਪਰ ਧੁਰ ਇੱਛਾ ਹੈ ਕਿ ਅਰੁਨਾ ਇਰਾਨੀ ਵਰਗੇ ਰੋਲ ਕਰਾਂ, ਚੁਲਬੁਲੇ, ਟਪੂੰ-ਟਪੂ ਕਰਨ ਵਾਲੇ ਜੋ ਦਰਸ਼ਕਾਂ ਨੂੰ ਹਸਾਉਣ ਤੇ ਭਰਪੂਰ ਮਨੋਰੰਜਨ ਕਰਾਉਣ।

### ਲਤਾ ਡਾਂਸਰ

ਲਤਾ ਨੇ ਆਸ਼ਾ-ਚੰਦਰਾ ਅਕਾਡਮੀ ਤੋਂ ਐਕਟਿੰਗ ਤੇ ਡਾਂਸ ਦੀ ਸਿਖਿਆ ਪ੍ਰਾਪਤ ਕਰਕੇ ਫਿਲਮਾਂ 'ਚ ਪ੍ਰਵੇਸ਼ ਕੀਤਾ। ਗਿਣਨ ਨੂੰ ਤਾਂ ਉਹ ਛੇ-ਸੱਤ ਹਿੰਦੀ ਫਿਲਮਾਂ ਦੇ ਨਾਂ ਲੈਂਦੀ ਹੈ ਜਿਨ੍ਹਾਂ 'ਚ ਛੋਟੀ ਛੋਟੀ ਭੂਮਿਕਾ ਨਿਭਾ ਚੁਕੀ ਹੈ ਪਰ ਅਜੇ ਉਸ ਦੀ ਕੋਈ ਪਛਾਣ ਨਹੀਂ ਬਣ ਸਕੀ। ਇਕ ਭੋਜਪੁਰੀ ਫਿਲਮ ਵਿਚ ਲਤਾ ਬਤੌਰ ਸੈਕਿੰਡ ਹੀਰੋਇਨ ਆਈ ਸੀ ਪਰ ਫਿਲਮ ਨਾ ਚੱਲ ਸਕੀ। ਇਸ ਲਈ ਲਤਾ ਵੀ ਉਭਰ ਕੇ ਸਾਹਮਣੇ ਨਾ ਆ ਸਕੀ। ਹੁਣ ਉਹ ਜ਼ਿਆਦਾਤਰ ਸਟੇਜ ਪ੍ਰੋਗਰਾਮ ਕਰਦੀ ਹੈ। ਕਿਸ਼ੋਰ ਕੁਮਾਰ ਦੇ ਗੀਤਾਂ ਨਾਲ ਡਾਂਸ ਦਿੰਦੀ ਹੈ ਤੇ ਨਾਲ ਹੀ ਨਾਲ ਫਿਲਮਾਂ ਲਈ 'ਸਟਰਗਲ' ਕਰ ਰਹੀ ਹੈ।



ਰਤੀ ਅਗਨੀਹੋਤਰੀ ਫਿਲਮ 'ਬੇਪਨਾਹ' 'ਚ।

## ਫਿਲਮ ਸਮੀਖਿਆ

## ਜਵਾਨੀ

ਨਿਰਮਾਤਾ ਨੇ ਨਿਰਦੇਸ਼ਕ ਰਮੇਸ਼ ਬਹਿਲ ਦੀ ਰੋਜ਼ ਮੂਵੀਜ਼ ਦੇ ਬੈਨਰ ਹੇਠ ਫੂਜੀ ਕਲਰ ਵਿਚ "ਜਵਾਨੀ" ਹਿੰਦੀ ਫਿਲਮ ਪੰਜਾਬ, ਚੰਡੀਗੜ੍ਹ ਵਿਚ ਹੁਣ ਰਿਲੀਜ਼ ਹੋਈ ਹੈ। ਬੰਬਈ, ਕਲਕੱਤੇ 'ਚ ਕਾਫੀ ਅਰਸਾ ਪਹਿਲਾਂ 'ਜਵਾਨੀ' ਲਗ ਕੇ ਲੱਥ ਗਈ ਸੀ। ਟਿਕਟ-ਖਿੜਕੀ 'ਤੇ ਭਾਵੇਂ ਇਸ ਫਿਲਮ ਨੂੰ ਦਰਮਿਆਨਾ ਹੁੰਗਾਰਾ ਮਿਲਿਆ ਸੀ ਪਰ 'ਜਵਾਨੀ' 'ਚ ਰੋਲ ਕਰਨ ਵਾਲੇ ਨਵੇਂ ਚਿਹਰਿਆਂ ਕਰਨਸ਼ਾਹ,ਨੀਲਮ ਅਤੇ ਜਤਿਨ ਮਲਹੋਤਰਾ ਨੂੰ ਲੋਕਾਂ ਨੇ ਵਾਹਵਾ ਪਸੰਦ ਕੀਤਾ ਇਹੋ ਵਜ੍ਹਾ ਹੈ ਕਿ ਅੱਜ ਇਨ੍ਹਾਂ ਤਿੰਨੇ ਕਲਾਕਾਰਾਂ ਕੋਲ ਅੱਧੀ-ਅੱਧੀ ਦਰਜਨ ਤੋਂ ਵੱਧ ਫਿਲਮਾਂ ਹਨ।

'ਜਵਾਨੀ' ਦੀ ਕਹਾਣੀ ਹਮਾਯੂੰ ਮਿਰਜ਼ਾ ਨੇ ਲਿਖੀ ਹੈ। ਇਕ ਮੱਧਵਰਗੀ ਪਰਿਵਾਰ ਦੇ ਸੁਭਾਅ ਦੇ ਵੱਖ ਵੱਖ ਪਹਿਲੂਆਂ ਨੂੰ ਬਾਰੀਕੀ ਨਾਲ ਦਰਸਾਇਆ ਹੈ। ਇਹ ਪਰਿਵਾਰ ਅਚਾਨਕ ਅਮੀਰ ਹੁੰਦਾ ਦਿਖਾਇਆ ਹੈ। ਲੜਕੇ ਲਈ ਅਲੱਗ ਕਾਇਦਾ-ਕਾਨੂੰਨ ਤੇ ਇਸੇ ਪਰਿਵਾਰ ਦੀ ਲੜਕੀ ਵਾਸਤੇ ਅਲੱਗ ਕਾਇਦਾ ਕਾਨੂੰਨ ਬਣਦਾ ਹੈ। ਜਵਾਨ ਧੀ ਪੁੱਤ ਅਜਿਹੇ ਨਿਯਮਾਂ ਅਸੂਲਾਂ ਨੂੰ ਇਕ ਹੱਦ ਤੱਕ ਕਬੂਲਦੇ ਹਨ ਤੇ ਇਕ ਹੱਦ ਤੱਕ ਠੁੱਡ ਮਾਰਦੇ ਹਨ — ਖੂਬ ਕਸ਼ਮਕਸ਼ ਪੈਦਾ ਹੁੰਦੀ ਹੈ।

ਫਿਲਮ 'ਚ ਕਰਨਸ਼ਾਹ ਤੇ ਜਤਿਨ ਮਲਹੋਤਰਾ ਦੇ ਨਾਂ ਕਰਨ ਤੇ ਜਤਿਨ ਹੀ ਹਨ। ਨੀਲਮ ਬਣ ਜਾਂਦੀ ਹੈ ਸਨਮ। ਜਤਿਨ ਅਤੇ ਸਨਮ ਦੇ ਮਾਪਿਆਂ ਦੀ ਭੂਮਿਕਾ ਸ਼ਰਮੀਲਾ ਟੈਗੋਰ ਅਤੇ ਅਨੂਪਮ ਖੇਰ ਨੇ ਨਿਭਾਈ ਹੈ। ਕਰਨ ਤੇ ਜਤਿਨ ਦੀ ਦੋਸਤੀ ਹੈ। ਇਕ ਪਾਰਟੀ ਵਿਚ ਕਰਨ ਅਤੇ ਸਨਮ ਦੀ ਮੁਲਾਕਾਤ ਹੁੰਦੀ ਹੈ ਤਾਂ ਫਿਰ 'ਅੱਖਾਂ ਚਾਰ' ਹੋ ਜਾਂਦੀਆਂ ਹਨ। ਉਹ ਇਕ ਦੂਜੇ ਦੇ ਹੋਣਾ ਲੋਚਦੇ ਹਨ ਪਰ ਸਨਮ ਦੇ ਮਾਪਿਆਂ ਨੂੰ ਇਹ ਗੱਲ ਪਸੰਦ ਨਹੀਂ। ਆਰਥਿਕ ਪਾੜਾ ਦੋਹਾਂ ਪਰਿਵਾਰਾਂ ਨੂੰ ਨੇੜੇ ਨਹੀਂ ਹੋਣ ਦਿੰਦਾ। ਜਵਾਨ ਦਿਲ ਬਗਾਵਤ 'ਤੇ ਉਤਰ ਆਉਂਦੇ ਹਨ ...।

ਗੁਲਸ਼ਨ ਬਾਵਰਾ ਦੇ ਲਿਖੇ ਸੋਹਣੇ ਗੀਤਾਂ ਨੂੰ ਸੰਗੀਤ 'ਚ ਪਰੋਇਆ ਹੈ ਆਰ. ਡੀ. ਬਰਮਨ ਨੇ। ਅਮਿਤ ਕੁਮਾਰ ਤੇ ਆਸ਼ਾ ਭੌਂਸਲੇ ਦੁਆਰਾ ਗਾਇਕ ਇਕ ਦੋਗਾਣਾ ਅਤਿ ਮੀਠਾ ਹੈ ਜਿਸਦਾ ਮੁਖੜਾ ਹੈ :

ਭੀਗਾ ਭੀਗਾ ਪਿਆਰਾ ਪਿਆਰਾ ਮੌਸਮ
ਮਹਿਕੀ ਸੀ ਤਨਹਾਈ
ਤੇਰੇ ਹੋਠੋਂ ਪੇ ਜੀ ਚਾਹੇ
ਲਿਖ ਦੂੰ ਇਕ ਰੁਬਾਈ।



## ਇਸ਼ਤਿਹਾਰੀ ਮੁਜ਼ਰਮਾਂ ਨੂੰ ਗੋਲੀ ਮਾਰਨ ਦੇ ਹੁਕਮ ਦਾ ਵਿਰੋਧ

ਕਲਕੱਤਾ — ਪੱਛਮੀ ਬੰਗਾਲ ਸਰਕਾਰ ਨੇ ਕੇਂਦਰੀ ਸਰਕਾਰ ਦੀ ਇਹ ਸਲਾਹ ਮੰਨਣ ਤੋਂ ਇਨਕਾਰ ਕੀਤਾ ਹੈ ਕਿ ਇਸ਼ਤਿਹਾਰੀ ਮੁਜਰਮਾਂ ਨੂੰ, ਜੋ ਗ੍ਰਿਫਤਾਰੀ ਤੋਂ ਬਚਣ ਲਈ ਭਗੌੜੇ ਹੋ ਜਾਂਦੇ ਦੇਖਦੇ ਹੀ ਗੋਲੀ ਮਾਰਨ ਦਾ ਅਧਿਕਾਰ ਪੁਲੀਸ ਨੂੰ ਦੇਣਾ ਚਾਹੀਦਾ ਹੈ। ਪਹਿਲਾਂ ਇਹ ਗੱਲ ਦੀ ਸਿਫਾਰਸ਼ ਪੰਜਵੇਂ ਰਾਸ਼ਟਰੀ ਪੁਲੀਸ ਕਮਿਸ਼ਨ ਨੇ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਕੀਤੀ ਸੀ। ਪੱਛਮੀ ਬੰਗਾਲ ਸਰਕਾਰ ਦੇ ਕਾਨੂੰਨ ਵਿਭਾਗ ਦਾ ਕਹਿਣਾ ਹੈ ਕਿ ਇਸ ਤਰ੍ਹਾਂ ਦੀ ਖੁਲ੍ਹ ਪੁਲੀਸ ਨੂੰ ਦੇਣ ਦਾ ਭਾਵ ਹੈ 'ਪੁਲੀਸ ਨੂੰ ਬੰਦੇ ਮਾਰਨ ਦਾ ਲਾਇਸੈਂਸ ਦੇਣਾ'। ਇਹ ਨਾਗਰਿਕਾਂ ਦੇ ਮੁਢਲੇ ਅਧਿਕਾਰਾਂ ਦੇ ਵਿਰੁਧ ਹੈ।

ਅਸਲ ਵਿਚ ਦੇਸ਼ ਦੇ ਸੀਨੀਅਰ ਪੁਲੀਸ ਅਧਿਕਾਰੀ ਜ਼ੋਰ ਪਾ ਰਹੇ ਹਨ ਕਿ ਉਨ੍ਹਾਂ ਨੂੰ ਇਹ ਵਧੇਰੇ ਅਧਿਕਾਰ ਮੁਜਰਮਾਂ ਨਾਲ ਸਖਤੀ ਨਾਲ ਨਜਿੱਠਣ ਲਈ ਮਿਲਣਾ ਚਾਹੀਦਾ ਹੈ। ਰਾਹ ਦੇ ਕਾਨੂੰਨਦਾਨਾਂ ਨੇ ਕਿਹਾ ਹੈ ਕਿ ਇਕ ਕਾਤਲ ਨੂੰ ਵੀ ਆਪਣਾ ਪੱਖ ਪੇਸ਼ ਕਰਨ ਦਾ ਮੌਕਾ ਮਿਲਦਾ ਹੈ। ਪੁਲੀਸ ਇਹ ਅਧਿਕਾਰ ਲੈ ਕੇ ਕਿਸੇ ਨੂੰ ਵੀ ਇਸ਼ਤਿਹਾਰੀ ਮੁਜਰਮ ਕਰਾਰ ਦੇ ਕੇ ਗੋਲੀ ਮਾਰ ਸਕੇਗੀ।


**JOHAL'S COLLISION Ltd.**



- ਪੂਰੀ ਬਾਡੀ ਦਾ ਕੰਮ
- ਮਾਡਰਨ ਫਰੇਮਾਂ ਦੀ ਮੁਰੰਮਤ
- ਮਾਡਰਨ ਕੁਆਲਿਟੀ ਪੇਂਟਿੰਗ
- ICBC ਦੇ ਕਲੇਮ ਜਲਦੀ ਹੈਂਡਲ
- ਮੁਫਤ ਐਸਟੀਮੇਟ
- ਪ੍ਰਾਈਵੇਟ ਕਲੇਮ ....ਵਾਜਬ ਰੇਟਾਂ ਤੇ

*ALL TYPES OF BODY REPAIRS* — *FREE ESTIMATES* — *ALL WORK CONDITIONALLY GUARANTEED*

- CARS
- TRUCKS

Balbir or Paul

12051 - 86th Ave. SURREY

Ph. 591-8151

## ਸ਼ਿੰਗਲ ਮਿੱਲ ਕਾਮਿਆਂ ਦੀ ਜ਼ਰੂਰਤ

ਵਾਨ੍ਹਕ ਅਤੇ ਮਿਸ਼ਨ ਦੇ ਇਲਾਕੇ ਵਿਚ ਸ਼ਿੰਗਲ ਮਿਲ ਲਈ ਹੇਠ ਲਿਖੇ ਕੰਮਾਂ ਦੀਆਂ ਅਰਜ਼ੀਆਂ ਮੰਗੀਆਂ ਜਾਂਦੀਆਂ ਹਨ :

1. ਕਿਊਬਰਮੈਨ
2. ਮਿਲ ਰਾਈਟ - ਸਾਅ ਫਾਈਲਰ
3. ਸੌਈਅਰ
4. ਸ਼ਿੰਗਲ ਸ਼ੇਕਾਂ ਦੇ ਪੈਕਰਾਂ ਦੀ ਜ਼ਰੂਰਤ ਹੈ

ਤਜਰਬੇ ਅਨੁਸਾਰ ਚੰਗੀ ਤਨਖਾਹ ਦਿਤੀ ਜਾਵੇਗੀ

ਫੋਨ ਕਰੋ :

SAM SIDHU
CAPITAL CEDAR LTD.
462-8253

# BUYERS NETWORK

8176, WINSTON STREET, BURNABY, B.C. V5A 2H5

**PHONE (604)421-3244** **TELEX : 04351279**

**ਸਸਤੀਆਂ ਘਰੇਲੂ ਵਸਤਾਂ ਲਈ ਸਾਨੂੰ ਯਾਦ ਕਰੋ**

**(Fully Guaranteed)**



GQ-621L
QUARTZ WESTMINSTER MELODY, WOODEN CASE
abt. 1,860 × 670 × 308mm

**$250.00** only
**Antique Appreance**



**MICROWAVE OVEN**
**18 cubic inches**
**Fully Warranteed**
**$199.00**



GJ-658
abt. 816 × 311 × 141mm

**$53.00 only**



**19" - Colour T.V. Wireless remote control**
**105 channels - Stereo - Amplifier built-in.**
**Frequency synthesizer - express tuning 100% solid state.**

**Price $375.00** only

**ਇਹ ਸਸਤੀਆਂ ਚੀਜ਼ਾਂ ਕੇਵਲ ਮੈਂਬਰ ਹੀ ਖਰੀਦ ਸਕਦੇ ਹਨ**

**ਮੈਂਬਰ ਬਣਨ ਲਈ ਅੱਜ ਹੀ ਫੋਨ ਕਰੋ :**

**AVAILABLE FOR MEMBERS ONLY**
For more information
**CONTACT**

**CHANCHAL SIDHU**
Ph. 584-7166

**SUNIL AHUJA**
Ph. 581-6546
Direct Pager 735-6616

**NINA ARNEJA**
Ph. 324-1898

# GREYFRIARS REALTY LTD.

**15090 Fraser Highway Surrey, B.C. V3R 3P4**

**Ph. (604) 588-0131**



Surinder[Suzie] Ahuja
**Res. 581-6546**
**Off. 588-0131**
**Direct Pager 735-6616**







3 BDRM BSMT (Surrey)
1 yr. old New Subdiv.



Brad Vollans
**Res. 588-8778**
**Off. 588-0131**
**Direct Pager 735-5652**

## NO! YOU DON'T HAVE TO GIVE YOUR HOME AWAY .....




**I receive calls from buyers constantly and I am always in need of good saleable homes.**

**ਘਰ ਖ਼ਰੀਦਣ, ਵੇਚਣ ਜਾਂ ਘਰ ਸਬੰਧੀ ਹੋਰ ਸਲਾਹ ਲੈਣ ਲਈ ਮਿਲੋ ਜਾਂ ਫੋਨ ਕਰੋ। ਪੰਜਾਬੀ ਵਿਚ ਵੀ ਗੱਲਬਾਤ ਕਰ ਸਕਦੇ ਹੋ**

# NORTH AMERICAN LIFE ASSURANCE CO.



Sunil Ahuja

- ☐ Life Insurance
- ☐ Mortgage Insurance
- ☐ Children's Educational Plans
- ☐ R R S P

## SUNIL AHUJA

representative

**Bus. 685-9335**
**Res. 581-6546**

320, 815 West Hasting St.
VANCOUVER, B.C. V6C 2W1